# Telephonic Conversation between PM and Crown Prince of Abu Dhabi

March 26, 2020

…..……………………………………………………………………………..

## ਪ੍ਰਧਾਨ ਮੰਤਰੀ ਅਤੇ ਅਬੂ ਧਾਬੀ ਦੇ ਯੁਵਰਾਜ ਵਿਚਾਲ਼ੇ ਟੈਲੀਫੋਨ 'ਤੇ ਗੱਲਬਾਤ

26 ਮਾਰਚ, 2020

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਅੱਜ ਅਬੂ ਧਾਬੀ ਦੇ ਯੁਵਰਾਜ ਹਿਜ਼ ਹਾਈਨੈੱਸ ਸ਼ੇਖ ਮੁਹੰਮਦ ਬਨਿ ਜ਼ਾਇਦ ਅਲ ਨਾਹਯਾਨ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਵਾਂ ਨੇਤਾਵਾਂ ਨੇ ਮੌਜੂਦਾ ਕੋਵਿਡ -19 ਮਹਾਂਮਾਰੀ, ਆਪਣੇ-ਆਪਣੇ ਦੇਸ਼ਾਂ ਦੇ ਹਾਲਾਤ ਅਤੇ ਉਨ੍ਹਾਂ ਦੀਆਂ ਸਰਕਾਰਾਂ ਵੱਲੋਂ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਕਾਰੀ ਅਤੇ ਵਿਚਾਰ ਸਾਂਝੇ ਕੀਤੇ। ਦੋਨੋਂ ਇਸ ਗੱਲ ਤੇ ਸਹਿਮਤ ਸਨ ਕਿ ਅਗਲੇ ਕੁਝ ਹਫ਼ਤੇ ਵਾਇਰਸ ਦੇ ਫੈਲਾਅ ਨੂੰ ਕਾਬੂ ਕਰਨ ਵਿੱਚ ਅਹਿਮ ਹੋਣਗੇ, ਅਤੇ ਇਸ ਕੰਮ ਲਈ ਸਾਰੇ ਦੇਸ਼ਾਂ ਵੱਲੋਂ ਇਕਜੁੱਟ ਅਤੇ ਤਾਲਮੇਲ ਭਰੇ ਯਤਨ ਕੀਤੇ ਜਾਣ ਦੀ ਲੋੜ ਹੈ। ਇਸ ਪ੍ਰਸੰਗ ਵਿੱਚ ਉਨ੍ਹਾਂ ਨੇ ਮਹਾਂਮਾਰੀ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਦਿਨ 'ਚ ਪਹਿਲਾਂ ਕਰਾਏ ਗਏ G -20 ਆਗੂ ਵਰਚੁਅਲ ਸੰਮੇਲਨ ਦੀ ਸ਼ਲਾਘਾ ਕੀਤੀ।

ਦੋਵਾਂ ਨੇਤਾਵਾਂ ਨੇ ਆਪਣੇ ਦੁਵੱਲੇ ਸੰਬੰਧਾਂ ਦੀ ਮਜ਼ਬੂਤੀ ਅਤੇ ਸਮਰੱਥੀ ਨੂੰ ਉਨ੍ਹਾਂ ਵੱਲੋਂ ਦਿੱਤੇ ਜਾਣ ਵਾਲੇ ਮਹੱਤਵ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮੌਜੂਦਾ ਹਾਲਾਤ ਵਿੱਚ ਆਪਣੇ ਅਧਿਕਾਰੀਆਂ ਵਿਚਾਲੇ ਨਿਯਮਤ ਸਲਾਹ-ਮਸ਼ਵਰੇ ਕਰਨ 'ਤੇ, ਖ਼ਾਸਕਰ ਰਸਦ ਦੀਆਂ ਸਪਲਾਈ ਲਾਈਨਾਂ ਦੀ ਨਿਰਵਿਘਨਤਾ ਨੂੰ ਯਕੀਨੀ ਬਣਾਉਣ ਲਈ, ਆਪਣੀ ਸਹਿਮਤੀ ਪ੍ਰਗਟਾਈ।

ਹਿਜ਼ ਹਾਈਨੈੱਸ ਯੁਵਰਾਜ ਨੇ ਪ੍ਰਧਾਨ ਮੰਤਰੀ ਨੂੰ UAE ਵਿੱਚ ਰਹਿੰਦੇ 20 ਲੱਖ ਤੋਂ ਵੱਧ ਭਾਰਤੀਆਂ ਦੀ ਖੈਰੀਅਤ ਅਤੇ ਉਨ੍ਹਾਂ ਵੱਲੋਂ ਇਸਦੀ ਆਰਥਿਕਤਾ ਵਿਚ ਪਾਏ ਜਾਣ ਵਾਲੇ ਯੋਗਦਾਨ ਬਾਰੇ ਭਰੋਸਾ ਦਿੱਤਾ। ਪ੍ਰਧਾਨ ਮੰਤਰੀ ਨੇ ਮੌਜੂਦਾ ਹਾਲਾਤ ਵਿੱਚ ਭਾਰਤੀ ਪ੍ਰਵਾਸੀਆਂ ਦੀ ਖੈਰੀਅਤ ਅਤੇ ਸੁਰੱਖਿਆ ਪਾਸੇ ਨਿਜੀ ਤੌਰ 'ਤੇ ਧਿਆਨ ਦੇਣ ਲਈ ਯੁਵਰਾਜ ਦਾ ਧੰਨਵਾਦ ਕੀਤਾ।

ਪ੍ਰਧਾਨ ਮੰਤਰੀ ਨੇ ਯੁਵਰਾਜ, ਸਮੁੱਚੇ ਸ਼ਾਹੀ ਪਰਿਵਾਰ ਅਤੇ ਸਾਰੇ ਅਮੀਰਾਤੀ ਨਾਗਰਿਕਾਂ ਦੀ ਚੰਗੀ ਸਿਹਤ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਯੁਵਰਾਜ ਨੇ ਗਰਮਜੋਸ਼ੀ ਨਾਲ ਇਹੋ ਸ਼ੁਭ ਕਾਮਨਾਵਾਂ ਤਹਿ ਦਿਲੋਂ ਤੋਂ ਮੁੜ ਪ੍ਰਗਟਾਈਆਂ।

ਨਵੀ ਦਿੱਲੀ

26 ਮਾਰਚ, 2020

DISCLAIMER : This is an approximate translation. The original is available in English on MEA's website and may be referred to as the official press release.